ISSN: 2584-0509



(Page 124 to 136)

# ਛੱਪੜ, ਖੇਤ ਤੇ ਘਰ: ਮੇਰਾ ਬਚਪਨ



ਨਿੰਦਰ ਘੁਗਿਆਣਵੀ
ਪ੍ਰੋਫੈਸਰ ਆਫ ਪ੍ਰੈਕਟਿਸ
ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ
+91 94174-21700

## ਛੱਪੜ

ਮਾਂ ਤੇ ਭੂਆ ਛੱਪੜ ਕੰਢੇ ਕੱਪੜੇ ਧੋਂਦੀਆਂ। ਮੈਂ ਨਿਆਣਾ ਹੋਣ ਕਰਕੇ ਉਨ੍ਹਾਂ ਦੇ ਪਿੱਛੇ ਲੱਗ ਤੁਰਦਾ। ਭੂਆ ਕੰਵਾਰੀ ਸੀ। ਵਧੇਰੇ ਮੈਨੂੰ ਉਹੀ ਸਾਂਭਦੀ।

ਛੱਪੜ ਦਾ ਪਾਣੀ ਕਿਨਾਰਿਆਂ ਤੀਕ ਕਿਸੇ ਨਦੀ ਦੇ ਪਾਣੀ ਵਾਂਗ ਵਹਿੰਦਾ। ਮੁਰਗਾਬੀਆਂ, ਬਗਲੇ ਤੇ ਬੱਤਖਾਂ ਤੈਰਦੀਆਂ। ਪੰਛੀਆਂ ਨੂੰ ਕਲੋਲਾਂ ਕਰਦਿਆਂ ਅਸੀਂ ਨਿਆਣੇ ਬੜੇ ਚਾਅ ਨਾਲ ਵੇਂਹਦੇ ਸਾਂ। ਗਰਮੀਆਂ ਦੇ ਦਿਨੀਂ ਛੱਪੜ ਕਿਨਾਰੇ ਆਣ ਕੇ ਮੱਛੀਆਂ ਮਰਦੀਆਂ, ਭੈੜੀ ਬਦਬੂ ਦੂਰ ਤੀਕ ਮਾਰਦੀ। ਸਰਦੀਆਂ ਦੇ ਦਿਨੀਂ ਕੁਛੁਕੰਮੇ ਕਿਨਾਰਿਆਂ ਉਤੇ ਗੋਹੇ ਦੀਆਂ ਪਾਥੀਆਂ ਵਾਂਗ ਪਏ ਹੁੰਦੇ। ਜਦ ਭਾਰੀ ਮੀਂਹ ਪੈਂਦੇ, ਛੱਪੜ ਨੱਕੋ-ਨੱਕ ਭਰ ਜਾਂਦਾ। ਵਿਚਾਲਿਉਂ ਖਾਸਾ ਡੂੰਘਾ ਹੋਣ ਕਾਰਨ ਮੀਹਾਂ ਦੇ ਦਿਨੀਂ ਲੋਕ ਛੱਪੜ ’ਤੇ ਪਸ਼ੂ ਲਿਜਾਉਣੋ ਹਟ ਜਾਂਦੇ, ਕਿਉਂਕਿ ਕੱਟੀਆਂ-ਵੱਛੀਆਂ ਡੁੱਬ ਜਾਂਦੀਆਂ ਤੇ ਲਭਦੀਆਂ ਨਹੀਂ ਸਨ। ਪਿੰਡ ਦੇ ਕਾਫੀ ਬੰਦੇ ਤੇ ਨਿਆਣੇ ਛੱਪੜ ਨੇ ਡੀਕ ਲਾ ਕੇ ਪੀ ਗਿਆ ਸੀ। ਉਨ੍ਹਾਂ ਦੀਆਂ ਲਾਸ਼ਾਂ ਮਸੀਂ ਲੱਭੀਆਂ ਸਨ। ਭਾਰੀ ਤਰੱਦਦ ਕਰਨ ਪਿੱਛੋਂ। ਇਸ ਕਾਰਨ ਵੀ ਨਿਆਣੇ-ਸਿਆਣੇ ਛੱਪੜ ’ਤੇ ਜਾਣੋ ਭੈਅ ਖਾਂਦੇ ਸਨ।

ਮੈਂ ਹਾਲੇ ਜੁਆਨੀ ਨਹੀਂ ਸਾਂ ਚੜਿ੍ਆ। ਇੱਕ ਰਾਤ ਦਾਦੀ ਨਾਲ ਸੁੱਤਾ ਹੋਇਆ ਸਾਂ ਕਿ ਮੈਨੂੰ ਛੱਪੜ ਵਿੱਚ ਡੁੱਬ ਜਾਣ ਦਾ ਸੁਫ਼ਨਾ ਆਇਆ। ਆਪਣੇ ਬਚਾਓ ਲਈ ਚੀਕਾਂ ਤੇ ਹੱਥ ਪੈਰ ਮਾਰੇ। ਅੱਧੀਂ ਰਾਤੀਂ ਸਾਰਾ ਟੱਬਰ ਜਾਗ ਕੇ ਉਠ ਬੈਠਾ। ਦਾਦੀ ਨੇ ਮੰਜੇ ਦੇ ਸਿਰਹਾਂਦੀ ਪਈ ਪਿੱਤਲ ਦੀ ਗੜਬੀ ਮੇਰੇ ਮੂੰਹ ਨੂੰ ਲਾਈ, “ਪੀ ਲੈ ਪੁੱਤ, ਦੋ ਘੁੱਟਾਂ ਪਾਣੀ।” ਉਹ ਮੇਰੀ ਪਿੱਠ ਪਲੋਸਣ ਲੱਗੀ ਰਹੀ। ਮੈਂ ਦਾਦੀ ਦੀ ਹਿੱਕ ਨਾਲ ਲੱਗ ਕੇ ਗੂੜੀ ਨੀਂਦੇ ਸੌਂ ਗਿਆ।

(ਹਾਲੇ ਵੀ ਇਹ ਸਾਰਾ ਕੁਛ ਅੱਧ-ਧੁੰਦਲੇ ਤੋਂ ਵਧੇਰੇ ਜਿੰਨਾ ਮੈਨੂੰ ਚੇਤੇ ਹੈ)

(ਹੁਣ ਉਹ ਛੱਪੜ ਨਹੀਂ ਰਹੇ ਪਿੰਡ ਵਿੱਚ। ਛੱਪੜਾਂ ਦੀਆਂ ਥਾਵਾਂ ’ਤੇ ਨਜਾਇਜ਼ ਕਬਜ਼ੇ ਹੋ ਗਏ ਹਨ। ਮਿੱਟੀ ਨਾਲ ਛੱਪੜ ਪੂਰ ਕੇ ਉਨ੍ਹਾਂ ਉਤੇ ਦਲਿਤਾਂ ਤੇ ਜੱਟਾਂ ਦੀਆਂ ਸ਼ਾਨਦਾਰ ਕੋਠੀਆਂ ਉੱਸਰ ਗਈਆਂ ਹਨ।)

ਛੱਪੜਾਂ ਦਾ ਪਾਣੀ ਕਿਸੇ ਨਿਰਮਲ ਜਲ ਜਿਹਾ ਹੁੰਦਾ ਸੀ। ਕਈ ਵਾਰੀ, ਪਿਤਾ ਨਾਲ ਗਈ ਰਾਤ ਤੋਂ ਖੇਤੋਂ ਪਰਤਦਾ ਸਾਂ, ਤਾਂ ਚੰਦਰਮਾ ਦੀ ਟਿੱਕੀ ਛੱਪੜ ਦੀ ਧੁੰਨੀ ਵਿਚਾਲੇ ਟਹਿਕਦੀ ਸਾਵੀਂ ਦੀ ਸਾਵੀਂ ਦੀਦਾਰ ਦੇਂਦੀ ਸੀ। ਸਾਰਾ ਛੱਪੜ ਕਿਨਾਰਿਆਂ ਤੀਕ ਜਗ-ਮਗਾ ਰਿਹਾ

ਹੁੰਦਾ। ਪਿੰਡ ਦੇ ਬਹੁਤੇ ਲੋਕ ਪਸ਼ੂ ਨਹਾਉਣ ਆਏ ਦੁਪੈਹਿਰੇ ਛੱਪੜ 'ਤੇ ਆਪ ਵੀ ਨਹਾਉਂਦੇ ਤੇ ਘਰ ਜਾ ਢਾਈ ਵਜੇ ਵਾਲੀ ਚਾਹ ਪੀਂਦੇ। ਢਾਈ ਵਜੇ ਜਲੰਧਰ ਰੇਡੀਉ ਉੱਤੇ ਪ੍ਰਸਾਰਿਤ ਹੁੰਦੇ ਲੋਕ-ਗੀਤ ਵੀ ਸੁਣਦੇ। ਇਸ ਕੁ ਵੇਲੇ ਹੀ ਇੱਕ ਜਹਾਜ਼ ਰੋਜ਼ ਹੀ ਲੰਘਦਾ। ਲੋਕ ਆਖਦੇ, ''ਚਾਹ-ਚੂਹ ਧਰਲੋ ਹੁਣ ਤਾਂ ਢਾਈ ਵਜੇ ਵਾਲਾ ਜਹਾਜ਼ ਵੀ ਲੰਘ ਗਿਐ।''

ਪਿੰਡ ਦੀਆਂ ਅੱਧੀਆਂ ਤੋਂ ਵੱਧ ਤੀਮੀਆਂ ਛੱਪੜ ਕਿਨਾਰੇ ਲੀੜੇ ਧੋਂਦੀਆਂ। ਨਲਕਿਆਂ ਦਾ ਪਾਣੀ ਖਾਰਾ ਸੀ। ਟਾਵੇਂ-ਟਾਵੇਂ ਘਰੀਂ ਨਲਕੇ ਸਨ। ਖੇਤਾਂ 'ਚ ਜਾਂ ਸ਼ਮਸ਼ਾਨ ਘਾਟ 'ਚ ਲੱਗੇ ਨਲਕਿਆਂ ਦਾ ਪਾਣੀ ਠੰਢਾ ਤੇ ਅੰਤਾਂ ਦਾ ਮਿੱਠਾ ਹੁੰਦਾ। ਖਾਰੇ ਪਾਣੀ ਨਾਲ ਕੱਪੜੇ ਨਿੱਖਰਦੇ ਨਹੀਂ ਸਨ। 'ਫੁੱਲ ਸਾਬਣ' ਕਹਿੰਦੇ ਸਨ ਕੱਪੜੇ ਧੋਣ ਵਾਲੇ ਸਾਬਣ ਨੂੰ ਉਦੋਂ, ਲੋਕੀ ਸ਼ਹਿਰ ਜਾਂ ਮੰਡੀ ਤੋਂ ਪੰਸੇਰੀ-ਪੰਸੇਰੀ ਫੁੱਲ ਸਾਬਣ ਤੁਲਵਾ ਲਿਆਉਂਦੇ। ਤੀਮੀਆਂ ਥਾਪਿਆਂ ਦੀ ਥੱਪ-ਥੱਪ ਨਾਲ ਮੋਟੇ ਲੀੜੇ ਕੁੱਟਦੀਆਂ। ਸਾਬਣ ਦੀ ਝੱਗ ਬਥੇਰੀ ਬਣਦੀ ਤੇ ਛੱਪੜ ਵਿੱਚ ਵਹੀ ਤੁਰੀ ਜਾਂਦੀ।

ਇਹ ਸੱਚ ਹੈ ਕਿ ਛੱਪੜ ਨੂੰ ਪੇਂਡੂ ਜਨ-ਜੀਵਨ ਦਾ ਅਹਿਮ ਅੰਗ ਮੰਨਿਆ ਜਾਂਦਾ ਸੀ ਉਦੋਂ। ਦੀਵਾਲੀ ਦੀ ਰਾਤ ਲੋਕੀਂ ਛੱਪੜ ਦੇ ਕੰਢੇ ਦੀਵੇ ਧਰਨ ਜਾਂਦੇ। ਸਾਰੀ ਰਾਤ ਛੱਪੜ ਜਗਮਗਾਹਟ ਵਿੱਚ ਡੁੱਬ ਜਾਂਦਾ। ਆਪਣੇ ਛੜੇ ਤਾਏ ਰਾਮ ਰਛਪਾਲ ਨਾਲ ਛੱਪੜ ਕੰਢੇ ਦੀਵੇ ਧਰਨ ਮੈਂ ਬੜੀ ਵਾਰ ਗਿਆ। ਛੱਪੜ 'ਤੇ ਦੀਵੇ ਧਰਨ ਮਗਰੋਂ ਅਸੀਂ ਮੇਰੇ ਦਾਦੇ ਦੇ ਸਿਵੇ ਵਾਲੀ ਥਾਵੇਂ ਦੀਵਾ ਧਰਨ ਜਾਂਦੇ।

(ਉਦੋਂ ਸਿਵਿਆਂ ਵਿੱਚ ਫੂਕਣ ਲਈ ਥੜੀਆਂ ਜਾਂ ਸ਼ੈੱਡ ਨਹੀਂ ਸਨ ਬਣੇ। ਸਿਵਿਆਂ 'ਚ ਘਾਹ-ਫੂਸ ਦੀ ਬਹੁਤਾਤ ਹੁੰਦੀ ਸੀ ਉਨੀ ਦਿਨੀਂ। ਜਦੋਂ ਕੋਈ ਮਰਦਾ, ਸਸਕਾਰ ਲਈ ਪੁਰਾਣਾ ਖੁੰਢ ਲੱਕੜ ਦਾ ਕੱਢ ਲੈਂਦੇ, ਪਿੰਡ ਦਾ ਮਿਸਤਰੀ ਪੂਰਾ ਜ਼ੋਰ ਲਾ ਕੇ ਉਸਨੂੰ ਪਾੜਦਾ। ਘਰਾਂ 'ਚੋਂ ਲੰਮੀਆਂ ਲੱਕੜਾਂ ਲੱਭਕੇ ਸਿੜ੍ਹੀ ਤਿਆਰ ਕੀਤੀ ਜਾਂਦੀ। ਲੋਹੇ ਦੀਆਂ ਭਾਰੀਆਂ ਪਾਈਆਂ ਵਾਲੀਆਂ ਅਰਥੀਆਂ ਬਹੁਤ ਸਾਲਾਂ ਮਗਰੋਂ ਬਣਨੀਆਂ ਸ਼ੁਰੂ ਹੋਈਆਂ।)

ਸਿਵਿਆਂ ਵਿੱਚ ਕਾਹੀਂ, ਸਰ-ਕਾਨਾ, ਅੱਕਾਂ, ਹਰਿੰਡਾਂ, ਭੱਖੜਾ ਤੇ ਹੋਰ ਝਾੜ-ਬੂਟ ਸੰਘਣਾ ਖੜ੍ਹਾ ਹੁੰਦਾ, ਉਸਨੂੰ ਖੋਦ ਕੇ ਚਿਖਾ ਚਿਣੀਂ ਜਾਂਦੀ।

ਅਟੇ-ਸਟੇ ਜਿਹੇ ਅੰਦਾਜ਼ੇ ਨਾਲ ਤਾਇਆ ਦਾਦੇ ਦੇ ਫੂਕਣ ਵਾਲੀ ਥਾਂ ਲੱਭਦਾ ਤੇ ਦੀਵਾ ਧਰਦਾ। ਉਹ ਮੂੰਹ 'ਚ ਕੁਝ ਬੁੜਬੜਾਉਂਦਾ ਦੀਵਾ ਧਰਨ ਲੱਗਾ, ਉਹਦੀ ਮੈਨੂੰ ਕੁਛ ਸਮਝ ਨਾ ਪੈਂਦੀ। (ਬਹੁਤ ਦੇਰ ਬਾਅਦ, ਮੈਨੂੰ ਸੋਚ ਆਈ ਕਿ ਸ਼ਾਇਦ ਤਾਇਆ ਮੂੰਹ 'ਚ ਹੌਲੀ

ਜਿਹੀ ਇਹੀ ਕਹਿੰਦਾ ਹੋਵੇਗਾ ਕਿ ਹੇ ਪ੍ਰਮਾਤਮਾ, ਮੇਰੇ ਪਿਤਾ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੀਂ ਜਾਂ ਫਿਰ ਕਹਿੰਦਾ ਹੋਊ ਕਿ ਹੇ ਪਿਆਰੇ ਪਿਤਾ...ਪਵਿੱਤਰ ਦਿਨ ਹੈ, ਤੇਰੇ ਸਿਵੇ 'ਤੇ ਦੀਵਾ ਧਰ ਚੱਲਿਆਂ, ਸਾਰੇ ਟੱਬਰ ਤਰਫ਼ੋਂ ਇਹ ਨਿੱਘੀ ਯਾਦ ਕਬੂਲ ਕਰਨਾ।)

ਸਿਵਿਆਂ 'ਚੋਂ ਨਿਕਲ ਕੇ ਬਿਲਕੁਲ ਸਿਵਿਆਂ ਦੇ ਨਾਲ ਲੱਗਦੇ ਸਾਡੇ ਖੇਤ 'ਚ ਅਸੀਂ ਸਾਡੇ ਵੱਡੇ-ਵਡੇਰੇ ਦੀ ਸਮਾਧੀ (ਜੋ ਪੰਜ ਛੇ ਇੱਟਾਂ ਦੀ ਬਣੀ ਹੋਈ ਸੀ ਤੇ ਉਸਨੂੰ ਗੇਰੂਆਂ ਰੰਗ ਫੇਰਿਆ ਹੋਇਆ ਸੀ,) ਉੱਤੇ ਦੀਵਾ ਧਰਦੇ।

ਪਿੰਡ 'ਚੋਂ ਟਾਂਵੇ-ਟਾਂਵੇ ਪਟਾਕੇ ਚੱਲਣ ਦੀ ਆਵਾਜ਼ ਸੁਣਨ ਲੱਗਦੀ। ਕੱਚੇ ਪਹੇ 'ਤੇ ਤਾਇਆ ਤੇਜ਼ ਕਦਮੀਂ ਤੁਰਦਾ। ਉਹਦੇ ਹੱਥ 'ਚ ਸਰੋਂ ਦੇ ਤੇਲ ਨਾਲ ਲਥ-ਪਥ ਪਿੱਤਲ ਦਾ ਵੱਡਾ ਥਾਲ ਹੁੰਦਾ। ਮੇਮਣੇ ਵਾਂਗ ਮੈਂ ਉਹਦੇ ਪਿੱਛੇ-ਪਿੱਛੇ ਭੱਜਿਆ ਜਾਂਦਾ। ਮੈਨੂੰ ਵੀ ਚੇਤੇ ਹੈ, ਮੈਂ ਭਜਦਾ-ਭਜਦਾ ਬੋਲਣ ਲਗਦਾ, ''ਤਾਇਐ, ਹੌਲੀ ਤੁਰਖਾਂ ਏਨੀ ਤੇਜ਼ ਤੁਰਦੈਂ...।''

ਉਹ ਕੁਝ ਨਾ ਬੋਲਦਾ। ਬਸ...ਤੁਰਿਆ ਜਾਂਦਾ ਲੰਮੀਆਂ ਲਾਘਾਂ ਭਰਦਾ। ਛੜੇ ਤਾਏ ਨੂੰ ਕੇਹੜਾ ਘਰ 'ਚ ਸਾਡੀ ਤਾਈ ਉਡੀਕਦੀ ਸੀ। ਮੇਰੀ ਦਾਦੀ ਤੇ ਭੂਆ ਜ਼ਰੂਰ ਉਡੀਕਦੀਆਂ ਸਨ।

ਮੈਂ ਆਪਣੇ ਬਚਪਨ ਤੋਂ ਜੁਆਨੀ ਤੱਕ ਦਾ ਵੇਲਾ ਆਪਣੇ ਤਾਏ, ਦਾਦੀ ਤੇ ਭੂਆ ਨਾਲ ਹੀ ਬਤੀਤ ਕੀਤਾ।

(''ਧੰਨਵਾਦ ਤੇਰਾ, ਪਿਆਰੇ ਛੱਪੜ, ਭਾਵੇਂ ਤੂੰ ਹੁਣ ਸੁੱਕ ਚੱਲਿਆ ਏਂ, ਮੇਰੇ ਕਾਫੀ ਕੁਛ ਤੈਂ ਚੇਤੇ ਕਰਵਾਇਆ ਅੱਜ...ਜਿਊਂਦਾ ਰਹਿ...ਤੂੰ ਫਿਰ ਭਰੇਂ ਤੇ ਭਰ-ਭਰ ਵਗੇਂ ਛੱਪੜ, ਤੇਰੇ ਲਈ ਦੁਆ ਹੈ'')

ਮੇਰੇ ਮੂੰਹੋਂ ਇਹ ਬੋਲ ਆਪ-ਮੁਹਾਰੇ ਹੀ ਨਿਕਲ ਗਏ।

**ਸਾਡਾ ਖੇਤ ਤੇ ਘਰ**

ਬਹੁਤੀ ਵਾਰ ਸਾਡਾ ਖੇਤ ਪਿੰਡ ਦੇ ਬੌਰੀਏ ਅੱਧ 'ਤੇ ਬੀਜਦੇ ਸਨ। ਉਦੋਂ ਸਬਜ਼ੀ ਬਹੁਤ ਹੁੰਦੀ ਸੀ। ਕੱਦੂ, ਪੇਠਾ, ਟਿੰਡੇ, ਹਰੀ ਮਿਰਚ, ਟਮਾਟਰ, ਆਲੂ, ਗਾਜਰ, ਮੂਲੀ, ਸ਼ਲਗਮ, ਸੂੰਗਰੇ-ਮੂੰਗਰੇ ਤੇ ਮਟਰਾਂ ਦੀ ਸਬਜ਼ੀ ਦੋਵਾਂ ਧਿਰਾਂ ਦੇ ਵਾਰੇ-ਨਿਆਰੇ ਕਰ ਜਾਂਦੀ ਸੀ। ਕਣਕ, ਛੋਨਾ, ਨਰਮਾ, ਕਪਾਹ, ਮੂੰਗੀ, ਤਾਰਾ, ਸਰੋਂ, ਮੀਰਾ, ਤੋਰੀਆਂ, ਛੋਲਿਆਂ ਆਦਿ ਦੀ ਫਸਲ ਹੁੰਦੀ ਵੀ ਬਹੁਤ ਤੇ ਭਾਅ ਵੀ ਮੰਡੀ 'ਚੋਂ ਵਾਹਵਾ ਮਿਲਦਾ ਸੀ।

ਖਾਦ ’ਤੇ ਸਪਰੇਅ ਨਾਂਹ ਦੇ ਬਰਾਬਰ ਹੀ ਪੈਂਦੀ। ਮੈਂ ਦੇਖਦਾ ਸਾਂ ਕਿ ਮੇਰਾ ਤਾਇਆ ਤੇ ਪਿਓ ਖੇਤ ਨੂੰ ਸਪਰੇਅ ਕਰਨ ਵਾਲੀ ਡਰੰਮੀ ਕਦੀ-ਕਦਾਈ ਹੀ ਲਿਜਾਂਦੇ ਤੇ ਖਾਦ ਦੀ ਵੀ ਇੱਕ ਅੱਧ ਬੋਰੀ ਕਦੇ ਸਾਲ-ਛਿਮਾਹੀਂ ਦਿਖਾਈ ਦਿੰਦੀ। ਘਰ ਦੀ ਰੂੜੀ ਦੀ ਖਾਦ ਦੀਆਂ ਗੱਡੀਆਂ ਭਰ-ਭਰ ਖੇਤ ’ਚ ਪਾਉਂਦੇ। ਨਾ ਤਾਇਆ ਥਕਦਾ, ਨਾ ਗੱਡੀ ਖੜ·ਦੀ ਤੇ ਨਾ ਬੋਤੀ ਹਫ਼ਦੀ।

*****

ਮਾਂ ਤੇ ਭੂਆ ਖੇਤ ਮਟਰ ਤੋੜਨ ਜਾਂਦੀਆਂ ਤਾਂ ਮੈਂ ਵੀ ਨਾਲ ਹੋ ਤੁਰਦਾ। ਕਈ ਵਾਰ ਮੈਂ ਜ਼ਿੱਦ ਕਰਕੇ ਸਕੂਲੋਂ (ਦੂਜੀ-ਤੀਜੀ ਜਮਾਤ ਵਿੱਚ ਪੜ·ਦਿਆਂ) ਛੁੱਟੀ ਮਾਰ ਲੈਂਦਾ ਤੇ ਮਟਰਾਂ ਦੀਆਂ ਫਲੀਆਂ ਤੋੜਨ ਤੇ ਨਾਲ-ਨਾਲ ਖਾਈ ਜਾਣ ਦੇ ਚਾਅ ਵਿੱਚ ਮਾਂ ਤੇ ਭੂਆ ਨਾਲ ਗੱਡੀ ’ਚ ਬੈਠ ਜਾਂਦਾ। ਤਾਇਆ ਗੱਡੀ ਅੱਗੇ ਬੋਤੀ ਜੋੜਨ ਲੱਗਦਾ, ਤਾਂ ਮੈਥੋਂ ਚਾਅ ਨਾ ਚੱਕਿਆ ਜਾਂਦਾ। ਮਾਂ ਤੇ ਭੂਆ ਬਾਲਟੀਆਂ ’ਚ ਮਟਰ ਤੋੜਦੀਆਂ। ਮੈਂ ਵੀ ਨਾਲ-ਨਾਲ ਮਟਰਾਂ ਦੀਆਂ ਪਤਲੀਆਂ-ਪਤਲੀਆਂ ਫਲੀਆਂ ਤੋੜਨ ਲਗਦਾ, ਮੋਟੀਆਂ ਫਲੀਆਂ ਮੈਨੂੰ ਰਤਾ ਨਾ ਭਾਉਂਦੀਆਂ। ਪਤਲੀਆਂ ਫਲੀਆਂ ਵਿਚਲੇ ਮਟਰ ਕੁਛ ਜ਼ਿਆਦਾ ਸੁਆਦੀ ਹੁੰਦੇ ਸਨ। ਮੈਂ ਪਤਲੀਆਂ ਫਲੀਆਂ ’ਚੋਂ ਨਿੱਕੇ-ਨਿੱਕੇ ਦਾਣੇ ਕੱਢ-ਕੱਢ ਖਾਈ ਜਾਂਦਾ। ਕਿਆ ਮਿਠਾਸ ਹੁੰਦੀ ਸੀ ਉਨ੍ਹਾਂ ਮਟਰਾਂ ਦੇ ਦਾਣਿਆਂ ’ਚ। ਦਾਣੇ ਖਾ ਹਟਣ ਮਗਰੋਂ ਖਾਲੀ ਫਲੀ ਵੀ ਚਿੱਥ ਲਈਦੀ ਸੀ, ਉਹ ਵੀ ਮਿਠਾਸ ਭਰੀ ਹੁੰਦੀ ਸੀ। (ਅੱਜ ਕੱਲ· ਉਨ੍ਹਾਂ ਮਟਰਾਂ ਦੇ ਦਾਣਿਆਂ ਤੇ ਫਲੀਆਂ ’ਚ ਉਹ ਮਿਠਾਸ ਲੱਭਿਆਂ ਵੀ ਨਹੀਂ ਲੱਭਦੀ। ਫਿੱਕੀਆਂ-ਫਿੱਕੀਆਂ ਰਸ-ਹੀਣ ਨੇ ਹੁਣ ਮਟਰਾਂ ਦੀਆਂ ਫਲੀਆਂ। ਅੰਨ੍ਹੇਵਾਹ ਖਾਦ ਤੇ ਸਪਰੇਆਂ ਦੇ ਬੇਹਿਸਾਬੇ ਛੜਕਾਓ ਨੇ ਸਤਹੀਣ ਤੇ ਸੁਆਦ ਹੀਣ ਕਰ ਦਿੱਤਾ ਹੈ ਸਾਡਾ ਸਮੁੱਚਾ ਖਾਈਆ, ਅੱਗੇ ਪਤਾ ਨਹੀਂ ਕੀ ਕੀ ਹੋਊਗਾ! ਵੇਖੋ, ਰੰਗ ਕਰਤਾਰ ਦੇ!)

ਘਰ ਦੇ ਦੇਸੀ ਮਟਰ ਤੇ ਆਲੂ, ਚੁੱਲ੍ਹੇ ਦੀ ਅੱਗ ਉਤੇ ਮਾਂ ਰਿੰਨ·ਦੀਂ ਤਾਂ ਰੱਜ-ਰੱਜ ਕੇ ਸਬਜ਼ੀ ਵੀ ਖਾਈਦੀ ਸੀ, ਨਾਲੇ-ਨਾਲ ਤਰੀ ਵੀ ਪੀਵੀ ਜਾਂਦੇ ਸਾਂ। ਡਕਾਰ ਆਈ ਜਾਂਦੇ ਸਨ। ਫਰਿੱਜ਼ਾਂ ਉਦੋਂ ਹੁੰਦੀਆਂ ਹੀ ਨਹੀਂ ਸਨ ਤੇ ਇੱਕੋ ਡੰਗ ਦੀ ਬਣੀ ਸਬਜ਼ੀ ਤੇ ਗੁੰਨਿਆਂ ਆਟਾ ਮੁਕਾ ਲਿਆ ਜਾਂਦਾ। ਸਾਰਾ ਕੁਛ ਖਾਣ-ਪਕਾਣ ਵਾਲਾ ਇੱਕੋ ਵੇਲੇ ਦਾ ਹੁੰਦਾ, ਫਰਿੱਜ਼ਾਂ ਵਿੱਚ ਸਾਂਭਣ ਤੇ ਬੇਹਾ ਖਾਣ ਦੀ ਲੋੜ ਹੀ ਕਿੱਥੇ ਸੀ ਉਦੋਂ? (ਉਦੋਂ ਸਬਜ਼ੀ ਦੀ ਤਰੀ ਦੀ ਪੂਰੀ ਦੀ ਪੂਰੀ ਭਰੀ ਬਾਟੀ ਡਕਾਰ ਜਾਂਦੇ ਸਾਂ ਸੁਆਦ-ਸੁਆਦ ’ਚ (ਤੇ ਹੁਣ ਚਾਰ ਚਮਚੇ ਵੀ ਸੰਘੋਂ ਨਹੀਂ ਉਤਰਦੇ)

ਮੈਨੂੰ ਬੇਸਬਰੀ ਨਾਲ ਉਡੀਕ ਹੁੰਦੀ ਕਿ ਤਾਇਆ ਕਦੋਂ ਕਹੀ ਚੱਕੇ ਤੇ ਗਾਜਰਾਂ ਪੁੱਟੇ। ਤਾਇਆ ਗਾਜਰਾਂ ਪੁੱਟੀ ਜਾਂਦਾ। ਮਿੱਟੀ 'ਚ ਲਥਪਥ ਗਾਜਰਾਂ ਨਾਲੋਂ ਮੈਂ ਮਿੱਟੀ ਝਾੜਦਾ ਤੇ ਨਾਲ ਵਗਦੇ ਖਾਲ ਦੇ ਪਾਣੀ 'ਚੋਂ ਗਾਜਰਾਂ ਧੋ-ਧੋ ਟੋਕਰੇ 'ਚ ਸੁੱਟੀ ਜਾਂਦਾ। ਪਤਲੀ ਤੇ ਤਾਜ਼ਾ ਲਾਲ ਗਾਜਰ ਚੱਕ ਮਾਰ ਕੇ ਖਾਣ ਨੂੰ ਦਿਲ ਮੱਲੋਮੱਲੀ ਕਰ ਆਉਂਦਾ। ਮਿੱਠੀ ਗਾਜਰ ਪਲੋ-ਪਲੀ ਹਜ਼ਮ ਹੁੰਦੀ ਜਾਂਦੀ ਤੇ ਮਿੱਠੇ ਹੀ ਡਕਾਰ ਆਉਂਦੇ। ਤਾਇਆ ਲੜਦਾ-''ਬੱਸ ਕਰ ਉਏ, ਫੇਰ ਕਹੇਂਗਾ ਢਿੱਡ ਦੁਖਦੈ...।'' ਤਾਏ ਦੇ ਵਾਰ-ਵਾਰ ਆਖਣ 'ਤੇ ਵੀ ਮੈਂ ਗਾਜਰਾਂ ਖਾਣੋਂ ਨਾ ਹਟਦਾ। ਤਾਇਆ ਕਹਿੰਦਾ ਸੀ ਕਿ ਗਾਜਰਾਂ ਖਾਂਦੇ ਬੰਦੇ ਦੇ ਚਿਹਰੇ ਦਾ ਰੰਗ ਲਾਲ ਹੋ ਜਾਂਦੈ, ਖ਼ੂਨ ਵੀ ਸਾਫ ਕਰਦੀਆਂ ਨੇ ਗਾਜਰਾਂ। (ਗਾਜਰਾਂ ਦਾ ਅਚਾਰ ਉਦੋਂ ਤੋਂ ਲੈਕੇ ਹੁਣ ਤੱਕ ਸਾਡੇ ਘਰ ਸਿਆਲੂ ਰੁੱਤੇ ਪੈਂਦਾ ਆ ਰਿਹਾ ਹੈ)

ਆਲੂ-ਗਾਜਰਾਂ ਦੀ ਸਬਜ਼ੀ ਬੜੀ ਕਰਾਰੀ ਬਣਦੀ ਸੀ। ਬਹੁਤੀ ਵਾਰੀ ਅਸੀਂ ਗਰਮਾ-ਗਰਮ ਸਬਜ਼ੀ ਨੂੰ ਕੌਲੀਆਂ ਵਿੱਚ ਨਹੀਂ ਸਾਂ ਪਾਉਂਦੇ ਸਗੋਂ ਤਵੇ ਉਤੋਂ ਪਲੋ-ਪਲੀ ਲੱਥੀ ਗਰਮ ਰੋਟੀ ਉੱਤੇ ਹੀ ਧਰ ਲੈਂਦੇ ਤੇ ਉਹਦੇ ਉੱਪਰ ਮੱਖਣੀ ਦੀ ਡਲੀ ਸੁੱਟ· ਲੈਂਦੇ, ਤਾਂ ਸੁਆਦ ਦੇ ਨਜ਼ਾਰੇ ਹੋਰ ਵੀ ਵਧੇਰੇ ਬਣ ਜਾਂਦੇ ਸਨ। (ਹੁਣ ਜਦ ਗਾਜਰਾਂ-ਆਲੂਆਂ ਦੀ ਸਬਜ਼ੀ ਖਾਈਦੀ ਹੈ, ਉਹ ਜ਼ਾਇਕਾ ਨਹੀਂ ਲੱਭਦਾ। ਇਹ ਸੱਚ ਹੈ ਕਿ ਗਾਜਰਾਂ ਦੀ ਸਬਜ਼ੀ ਦਾ ਸੁਆਦ ਵੀ ਦੂਸਰੀਆਂ ਸਬਜ਼ੀਆਂ ਦੇ ਸੁਆਦ ਵਾਂਗ ਫਿੱਕਾ ਪੈ ਗਿਆ ਹੈ) ਦਾਦੀ ਹਰ ਵਾਰ ਗਜਰੇਲਾ ਬਣਾਉਂਦੀ, ਸਵੇਰੇ ਚਾਹ ਨਾਲ ਖਾਂਦੇ।

*****

''ਮਾਂ ਅੱਜ ਕੜੀ ਧਰਲੀਂ।'' ਤਾਇਆ ਦਾਦੀ ਨੂੰ ਕਹਿੰਦਾ ਹੈ ਦਾਦੀ ਬੋਲੀ, ''ਚੰਗਾ ਪੁੱਤ...ਵਾਖਰੂੰ ਮੇਹਰ ਕਰੇ...ਤੁਸੀਂ ਖਾਣ ਵਾਲੇ ਬਣੋ ਭਾਈ ਵੇ।''

ਦਾਦੀ ਨੇ ਦੁਪਹਿਰ ਵੇਲੇ ਹੀ ਕੁੱਜੇ ਵਿੱਚ ਕਈ ਕੁੱਝ ਪਾਉਣਾ ਸ਼ੁਰੂ ਕਰ ਦਿੱਤਾ। ਹਾਰੇ ਵਿੱਚ ਪਾਥੀਆਂ ਧੁਖਣ ਲੱਗੀਆਂ। ਕੜੀ ਰਿੰਨ·ਈ ਧਰ ਦਿੱਤੀ। ਵੇਸਣ ਪਾਇਆ, ਲੱਸੀ ਹਲਾਈ, ਆਲੂ ਤੇ ਗੰਢੇ ਬਰੀਕ-ਬਰੀਕ ਚਿਰੇ ਤੇ ਜ਼ੀਰਾ, ਲੂਣ-ਮਿਰਚਾਂ ਵੀ ਧੁੂੜੀਆਂ ਫਿਰ ਉਹ ਹੋਰ ਕੰਮੀਂ ਜੁਟ ਗਈ, ਕੜੀ ਧਰਨੀਂ ਭੁੱਲਕੇ।

ਹਾਰੇ ਵਿੱਚ ਗੋਹਿਆਂ ਦੀ ਭੁੱਬਲ ਥੱਲੇ ਕੜ· ਰਹੀ ਕੜੀ ਦੀ ਖੁਸ਼ਬੋ ਸਾਰੇ ਵੇਹੜੇ ਵਿੱਚ ਖਿੰਡਣ ਲੱਗੀ। ਮੇਰਾ ਜੀਅ ਕਰੇ ਕਿ ਦਾਦੀ ਨੂੰ ਆਖਾ, ਦਾਦੀਏ ਮੈਨੂੰ ਕੜੀ ਦੀ ਕੌਲੀ ਭਰਦੇ, ਵਿੱਚ ਮਖਣੀ ਪਾ ਦੇ ਮੈਂ ਖਾਵਾਂ ਰੱਜ-ਰੱਜ ਕੇ।

ਸਾਰਾ ਟੱਬਰ ਕੜੀ ਨਾਲ ਤੰਦੂਰ ਦੀਆਂ ਰੋਟੀਆਂ ਖਾ ਚੱਕਾ ਹੋਇਆ ਹੈ ਦਾਦੀ ਭਾਂਡਾ-ਟੀਂਡਾ ਸਾਂਭ ਰਹੀ ਹੈ ਆਖਿਰ ਉਹਨੇ ਕੜੀ ਵਾਲਾ ਕੁੱਜਾ ਹੱਥ 'ਚ ਫੜਿਆ ਤੇ ਲੱਕੜ ਦੀ ਕੜਛੀ ਨਾਲ ਕੁੱਜੇ ਦੀਆਂ ਖੁੱਚਾਂ ਖੁਰਚਣ ਲੱਗੀ। ਬਚੀ-ਖੁਚੀ ਕੜੀ ਦੀ ਖੁਸ਼ਬੋਈ ਦਾ ਅਨੰਦ ਆਪਣਾ ਹੀ ਸੀ! ਦਾਦੀ ਨੇ ਛੰਨਾ ਕੜੀ ਦਾ ਭਰਿਆ ਤੇ ਢੱਕ ਕੇ ਮਿੱਟੀ ਕੇ ਕਟੋਰੇ ਵਿੱਚ ਪਾਣੀ ਉੱਤੇ ਧਰ ਦਿੱਤਾ ਤਾਂ ਕਿ ਸਵੇਰ ਤੀਕ ਕੜੀ ਬਚੀ ਰਹੇ। (ਫਰਿੱਜ ਦਾ ਉਦੋਂ ਤੀਕ ਅਜੇ ਨਾਂ ਤੱਕ ਨਹੀਂ ਸੀ ਸੁਣਿਆ)

ਦਾਦੀ ਵੱਲੋਂ ਕੁੱਜੇ ਦੀਆਂ ਖੁੱਚਾਂ ਖੁਰਚਕੇ ਕੜੀ ਲਾਹੁਣਾ ਮੇਰੇ ਸੌਣ ਵੇਲੇ ਤੀਕ ਤੱਕ ਤਾਜ਼ਾ ਸੀ ਤੇ ਸਾਰੇ ਟੱਬਰ ਨੂੰ ਅਗਲੀ ਸਵੇਰ ਦੀ ਉਡੀਕ ਸੀ।

*****

ਨਿੱਕੇ-ਨਿੱਕੇ ਸਾਂ। ਸਾਡੇ ਪਿੰਡ ਬੌਰੀਆਂ, (ਚੌਹਾਨ ਜਾਤੀ 'ਚੋਂ) ਦੇ ਵਿਹੜੇ (ਮੁਹੱਲੇ) ਜਦ ਵਿਆਹ-ਸ਼ਾਦੀ ਜਾਂ ਮੰਗਣੇ-ਮੁਕਲਾਵੇ ਦਾ ਦਿਨ ਹੁੰਦਾ ਤਾਂ ਚਾਰ-ਚਾਰ ਦਿਨ ਪਹਿਲਾਂ ਹੀ ਲਾਊਡ ਸਪੀਕਰ 'ਤੇ ਗੀਤ ਵੱਜਣ ਲੱਗਦੇ। ਮੈਨੂੰ ਬਚਪਨ ਵਿੱਚ ਸੁਣੇ ਇੱਕ ਗੀਤ ਦੇ ਬੋਲ ਹਾਲੇ ਵੀ ਨਹੀਂ ਭੁੱਲੇ :

ਨੀਂ ਤੂੰ ਗਾਜਰ ਵਰਗੀ ਹੁੰਦੀ ਸੈਂ
ਦੱਸ ਕੇਹੜੇ ਗ਼ਮ ਨੇ ਖਾ ਲਈ...

ਮੈਨੂੰ ਗਾਇਕ ਤੇ ਗੀਤਕਾਰ ਦੇ ਨਾਂ ਦਾ ਭੋਰਾ ਵੀ ਪਤਾ ਨਹੀਂ ਹੈ। ਬਸ...ਗੀਤ ਦੇ ਇਹੋ ਮੁਢਲੇ ਬੋਲ ਹੀ ਚੇਤੇ ਨੇ। ਨਾਰੀ ਦੇ ਸੁਹੱਪਣ ਦੀ ਤੁਲਨਾ ਇੱਕ ਲਾਲ-ਰੱਤੀ, ਤਰੋ-ਤਾਜ਼ਾ ਤੇ ਲੰਮ-ਸੁਲੰਮੀ ਗਾਜਰ ਨਾਲ ਕੀਤੀ ਗਈ ਸੀ। ਕਿਆ ਬਾਤ ਸੀ!

*****

ਐਤਵਾਰ ਦਾ ਦਿਨ ਤੇ ਸਕੂਲੋਂ ਛੁੱਟੀ। ਮਾਂ ਆਖਣ ਲੱਗੀ, ''ਅੱਜ ਮੂੰਗੀ ਤੋੜਨੀ ਐ।''

ਪਿਤਾ ਨੇ ਆਪਣੇ ਹਿੱਸੇ ਆਉਂਦੀ ਜ਼ਮੀਨ ਦੇ ਟੋਟੇ ਵਿੱਚ ਮੂੰਗੀ ਬੀਜੀ ਸੀ ਇਸ ਵਾਰ। ਅਸੀਂ ਪੀਪੇ ਤੇ ਬਾਲਟੀਆਂ 'ਚ ਹਰੀ ਮੂੰਗੀ ਦੀਆਂ ਕਾਲੀਆਂ ਸੁੱਕੀਆਂ ਫਲੀਆਂ ਤੋੜ-ਤੋੜ ਸੁੱਟੀਜਾਂਦੇ। ਹੱਥ ਥੱਕਣ 'ਤੇ ਛੇਤੀ ਪੀਪੇ ਤੇ ਬਾਲਟੀ ਹੋਰ ਆ ਜਾਣ ਦੀ ਉਡੀਕ 'ਚ ਵਾਰ-ਵਾਰ ਪੀਪੇ-ਬਾਲਟੀਆਂ ਵੱਲ ਵੇਖਦੇ। ਵਿਹੜੇ ਵਿੱਚ ਲਿਆ ਢੇਰੀ ਕਰਦੇ। ਧੁੱਪਾਂ ਕਰਾਰੀਆਂ ਲਗਦੀਆਂ। ਮੂੰਗੀ ਦੀਆਂ ਫਲੀਆਂ ਸੁੱਕ-ਮੜੁੱਕ ਹੋ ਜਾਂਦੀਆਂ, ਤਾਂ ਮਾਂ ਤੇ ਪਿਉ ਉਹਨਾਂ 'ਚੋਂ ਮੂੰਗੀ ਕੱਢਕੇ ਗੱਟਿਆਂ 'ਚ ਭਰਦੇ ਤੇ ਮੰਡੀ 'ਚ ਮੂੰਗੀ ਮਹਿੰਗੀ ਹੋਣ ਦੀ ਉਡੀਕ ਕਰਦੇ।

ਖੇਤ ਜਾਣਾ ਮੈਨੂੰ ਹਮੇਸ਼ਾ ਚੰਗਾ-ਚੰਗਾ ਲਗਦਾ ਸੀ। ਖੇਤਾਂ 'ਚ ਉਡਦੇ ਤੇ ਗਾਉਂਦੇ ਪੰਛੀ ਮੈਨੂੰ ਆਪਣੇ ਵੱਲ ਖਿੱਚ·ਦੇ ਤੇ ਮੈਂ ਉਨ੍ਹਾਂਦੀਆਂ ਅਸਮਾਨੀ ਉਡਾਰੀਆਂ ਤੇ ਮਨ-ਮੋਹਕ ਅਵਾਜ਼ਾਂ 'ਚ ਗੁੰਮ ਜਾਂਦਾ। ਖੇਤਾਂ ਵਿੱਚ ਖੜ੍ਹੇ ਰੁੱਖਾਂ ਦੀ ਛਾਂ ਹੇਠ ਬਹਿਕੇ ਮੈਂ ਸੁਆਦ-ਸੁਆਦ ਹੋ ਜਾਂਦਾ ਤੇ ਕਈ ਵਾਰ ਪੱਠਿਆਂ (ਨੀਰਾ-ਚਾਰਾ ਬੰਨ·ਣ ਵਾਲੀ) ਪੱਲੀ ਵਿਛਾਅ ਕੇ ਰੁੱਖ ਹੇਠ ਹੀ ਸੌਂ ਜਾਂਦਾ। ਬੜੀ ਮਿੱਠੀ ਤੇ ਗੂੜੀ ਨੀਂਦਰ ਆਉਂਦੀ ਸੀ ਤੂਤ ਜਾਂ ਟਾਹਲੀ ਥੱਲੇ।

ਬਹੁਤ ਵਾਰੀ ਦੇਖਿਆ ਸੀ ਤਾਇਆ ਜਾਂ ਪਿਓ ਪੱਠੇ ਵੱਢਦੇ ਹੁੰਦੇ ਤਾਂ ਕਿਸੇ ਦੇ ਦਾਤੀ ਵੱਜ ਜਾਂਦੀ, ਉਹ ਉੱਠਕੇ ਜ਼ਖਮੀ ਉਂਗਲ ਉੱਤੇ ਮੂਤ ਕਰ ਲੈਂਦੇ ਸਨ ਤੇ ਜ਼ਖਮ ਨਹੀਂ ਸੀ ਬਣਦਾ। ਕਿਤੋਂ ਮਰ·ਮ-ਪੱਟੀ ਕਰਵਾਉਣ ਦੀ ਲੋੜ ਨਾ ਪੈਂਦੀ। (ਹੁਣ ਸੋਚਦਾ ਹਾਂ ਕਿ 'ਵੱਢੀ ਉਂਗਲ 'ਤੇ ਮੂਤਣ ਵਾਲਾ ਮੁਹਾਵਰਾ ਭਲਾ ਕਿੱਥੋਂ ਬਣਿਆ ਸੀ?)

ਤਾਏ ਤੇ ਪਿਓ ਨੇ ਜੌਂ ਤੇ ਛੋਲੇ ਰਲਾ ਕੇ ਬੀਜਣੇ, ਇਹਨੂੰ ਬੇਰੜਾ ਕਹਿੰਦੇ ਸੀ। ਘੋਨੀ ਕਣਕ, ਬਿਨਾਂ ਕਸੀਰੋ ਬੀਜਣੀ ਤੇ ਵਿੱਚ ਛੋਲੇ ਰਲਾ ਕੇ ਬੀਜਣ ਨੂੰ ਵੇਝੜ ਕਹਿੰਦੇ ਸੀ। ਛੋਲਿਆਂ ਦੀ ਕੰਡ ਬਣ ਜਾਂਦੀ, ਬੋਤੀਆਂ ਤੇ ਬੋਤਿਆਂ ਨੂੰ ਪਾਉਂਦੇ। ਕਸੀਰ ਵਾਲੀ ਕੰਡ ਬੋਤੀ ਨਹੀਂ ਸੀ ਖਾਂਦੀ, ਕਸੀਰ ਉਹਦੇ ਮੂੰਹ ਵਿੱਚ ਖੁਭਦੇ ਸੀ। ਘੋਨੀ ਕਣਕ ਦੇ ਕਸੀਰ ਨਹੀਂ ਹੁੰਦੇ ਤੇ ਪਸ਼ੂਆਂ ਦੇ ਮੂੰਹ 'ਚ ਨਹੀਂ ਸੀ ਲੱਗਦੇ।

ਤਾਇਆ ਜਦੋਂ ਵਿਹਲਾ ਹੁੰਦਾ ਤਾਂ ਉਹ ਬੋਤੀ ਦੇ ਖਰਖਰਾ ਫੇਰਨ ਲਗਦਾ, ਬੋਤੀ ਨੂੰ ਸੁਆਦ ਆਉਂਦਾ, ਉਹ ਸਿਰ ਝਟਕਦੀ ਤੇ ਅਗਾਲਾ ਕਰਨ ਲਗਦੀ। ਸੁਆਦ ਲੈਂਦੀ ਬੋਤੀ ਕਦੇ-ਕਦੇ ਧੀਮਾ-ਧੀਮਾ ਰੰਭਣ ਲੱਗ ਪੈਂਦੀ। ਇੱਕ ਦਿਨ ਮੈਂ ਤਾਏ ਨੂੰ ਪੁੱਛਿਆ ਸੀ, ''ਤਾਇਆ, ਲਿਆ ਮੈਂ ਖਰਖਰਾ ਫੇਰਾਂ ਬੋਤੀ ਦੇ? ਮੈਨੂੰ ਵੀ ਵੱਲ ਸਿਖਾਦੇ ਖਰਖਰਾ ਕਿਵੇਂ ਫੇਰੀਦੈ।''

ਤਾਇਆ ਹੱਸ ਪਿਆ ਸੀ, ''ਅਜੇ ਤੂੰ ਖਰਖਰਾ ਫੇਰਨ ਜੋਕਰਾ ਨਹੀਂ ਹੋਇਆ ਪੁੱਤ...ਜਦੋਂ ਵੱਡਾ ਹੋਵੇਂਗਾ, ਉਦੋਂ ਵੱਲ ਸਿਖਾਵਾਂਗੇ ਤੈਨੂੰ ਵੀ।''

ਖਰਖਰਾ ਫੇਰਦਾ-ਫੇਰਦਾ ਤਾਇਆ ਆਪ-ਮੁਹਾਰੇ ਈ ਬੋਲਣ ਲੱਗ ਪਿਆ ਸੀ, ''ਏਹਨਾਂ ਪਸ਼ੂਆਂ ਦੀ ਕਿਹੜਾ ਜ਼ੁਬਾਨ ਹੁੰਦੀ ਐ ਵਈ ਆਪਦਾ ਦੁੱਖ ਬੋਲ ਕੇ ਦੱਸ ਦੇਣ, ਏਹਨਾਂ ਦਾ ਦੁੱਖ-ਸੁੱਖ ਤਾਂ ਬੰਦੇ ਨੂੰ ਈ ਜਾਣਨੈ ਚਾਹੀਦੈ, ਬੁੜੀ ਤਾਂ ਆਬਦਾ ਸਿਰ ਆਪੇ ਵਾਹ ਲਊ, ਬੁੜੀ ਦੀਆਂ ਤਾਂ ਕੋਏਂ ਜੂੰਆਂ ਵੀ üਗਦੂ...ਤੇ ਬੋਤੀ ਵੀ ਵਿਚਾਰੀ ਵੀ...? ਆਹ ਵੇਖ ਹੁਣ ਕਿਵੇਂ ਅਨੰਦ ਲੈਂਦੀ ਐ ਖਰਖਰੇ ਦਾ।''

(ਤਾਏ ਦੇ ਬੋਲ ਇਹ ਕਈ ਦਹਾਕੇ ਬੀਤ ਜਾਣ ਦੇ ਬਾਵਜੂਦ ਵੀ ਨਹੀਂ ਭੁੱਲੇ ਹਨ।)

*****

ਤਿੱਖੜ ਦੁਪਹਿਰ ਕਾਂ ਅੱਖ ਕਢਦੀ। ਸਾਰਾ ਪਿੰਡ ਘਰਾਂ ਅੰਦਰ ਵੜਿਆ ਹੋਇਆ ਸੀ ਮੈਂ ਪਿਓ ਨਾਲ ਵਰਾਂਡੇ 'ਚ ਮੰਜੇ 'ਤੇ ਪਿਆ ਹੋਇਆ ਸਾਂ। ਪਿਓ ਨੇ ਸਾਫਾ ਗਿੱਲਾ ਕਰਕੇ ਮੇਰੇ 'ਤੇ ਪਾਇਆ ਹੋਇਆ ਸੀ। ਸਾਫੇ ਦੀ ਠੰਢਕ ਗਰਮੀ ਤੋਂ ਪੂਰੀ ਰਾਹਤ ਦੇਂਦੀ। ਹਵੇਲੀ ਵਿੱਚ ਮੱਝ ਅੜਿੰਗਣ ਲੱਗੀ। ਪਿਓ ਮੰਜੇ 'ਤੋਂ ਉੱਠਿਆ ਤੇ ਨਾਲ ਹੀ ਮੈਂ ਵੀ ਉੱਠ ਪਿਆ। ਉਹਨੇ ਲਫੇੜਾ ਚੱਁਕਿਆ, ''ਟੇਕ ਨੀ ਆਉਂਦੀ, ਪਿਆ ਰਹਿ ਸਾਫਾ ਲੈ ਕੇ, ਗਰਮੀ ਬਹੁਤੀ ਐ।''

ਉਹਨੇ ਖੂਹੀ 'ਚੋਂ ਪਾਣੀ ਦੀ ਬਾਲਟੀ ਖਿੱਚੀ ਤੇ ਹਵੇਲੀ ਵੱਲ ਤੁਰ ਪਿਆ, ਮੈਂ ਵੀ ਪਿੱਛੇ-ਪਿੱਛੇ। ਸੂਣ ਵਾਲੀ ਬੂਰੀਮੱਝ ਬੁਰੀ ਤਰ੍ਹਾਂਘਰਕ ਰਹੀ ਸੀ। ਉਹਦੀ ਹੱਥ ਜਿੱਡੀ ਜੀਭ ਬਾਹਰ ਨੂੰ ਲਪਕਦੀ।

''ਗਰਮੀ ਲਗਦੀ ਐ, ਤਾਹੀਂ ਅੜਿੰਗਦੀ ਸੀ...।'' ਪਿਓ ਨੇ ਨੇੜੇ ਹੁੰਦਿਆ ਕਿਹਾ ਤੇ ਮੱਝ ਦਾ ਕੰਨ ਹੱਥ 'ਚ ਫੜਿਆ। ਫਿਰ ਉਸਨੇ ਠੰਡੇ ਪਾਣੀ ਦੀ ਬਾਲਟੀ ਮੱਝ ਦੇ ਸਿਰ ਉੱਤੇ ਸੁੱਟ ੀ। ਮੱਝ ਨੇ ਸਿਰ ਝਟਕਿਆ ਤੇ ਕੰਨ ਫੜਫੜਾਏ। ਬਾਹਰ ਲਪਕਦੀ ਉਹਦੀ ਜੀਭ ਪਲ 'ਚ ਹੀ ਅੰਦਰ ਵੜ ਗਈ। ਉਹਨੂੰ 'ਸੁੱਖ ਦਾ ਸਾਹ' ਆਇਆ। ਮੈਨੂੰ ਪ੍ਰਤੀਤ ਹੋਇਆ ਜਿਵੇਂ ਇੱਕ ਹੋਰ ਬਾਲਟੀ ਚਾਹੁੰਦੀ ਹੈ ਮੱਝ।

''ਪਾਪਾ ਹੋਰ ਪਾਣੀ ਲਿਆਈਏ ਆਪਾਂ...।'' ਮੈਂ ਤੇ ਪਿਓ ਖੂਹੀ ਵੱਲ ਆਏ ਤੇ ਬਾਲਟੀ ਭਰਕੇ ਮੱਝ ਵੱਲ ਤੁਰ ਪਏ। ਸਾਨੂੰ ਨੇੜੇ ਆਉਂਦੇ ਦੇਖ ਮੱਝ ਨੇ ਸਿਰ ਝਟਕਿਆ ਤੇ 'ਹਾਂਅ-ਹਾਂਅ...ਬਾਂਅ-ਬਾਂਅ' ਕੀਤੀ। ਪਿਤਾ ਨੇ ਉਵੇਂ ਬਾਲਟੀ ਫਿਰ ਮੱਝ ਦੇ ਸਿਰ 'ਚ ਸੁੱਟ ੀ। ਹੇਠਾਂ ਪਾਣੀ ਨਾਲ ਰੇਤਾ ਗਿੱਲੀ ਹੋ ਗਈ ਸੀ। ਮੱਝ ਪਥੱਲਾ ਮਾਰਕੇ ਬਹਿ ਗਈ। ਅਸੀਂ ਫਿਰ ਵਰਾਂਡੇ 'ਚ ਆ ਗਏ।

ਪਿਓ ਨਾਲ ਪਿਆ ਹੋਇਆ ਮੈਂ ਪਸ਼ੂਆਂ ਤੇ ਪੰਛੀਆਂ ਬਾਰੇ ਹੀ ਸੋਚੀ ਜਾ ਰਿਹਾ ਸਾਂ ਕਿ ਮਨੁੱਖ ਪ੍ਰਤੀ ਤਾਂ ਮਨੁੱਖ ਦੀ ਕਿੰਨੀ ਵੱਡੀ ਜ਼ਿੰਮੇਵਾਰੀ ਬਣਦੀ ਹੈ, ਪ੍ਰੰਤੂ ਪਸ਼ੂਆਂ ਤੇ ਪੰਛੀਆਂ ਪ੍ਰਤੀ ਕਿਸਦੀ ਜ਼ਿੰਮੇਵਾਰੀ ਹੈ? (ਸ਼ਾਇਦ ਉਸ ਦਿਨ ਤੋਂ ਹੀ ਮੈਂ ਪਸ਼ੂਆਂ ਤੇ ਪੰਛੀਆਂ ਦਾ ਹਮਦਰਦ ਬਣ ਬੈਠਾ ਸਾਂ।)

*****

ਮਾਂ ਕਣਕ ਦੇ ਨਾੜ ਤੋੜ ਕੇ ਲਿਆਈ ਸੀ ਖੇਤੋਂ। ਹਰੇਕ ਛੇ ਮਹੀਨੇ ਹਾੜੀ ਦੇ ਦਿਨੀਂ ਰੋਟੀਆਂ ਰੱਖਣ ਲਈ ਮਾਂ ਆਪਣੇ ਹੱਥੀਂ ਸਰਪੋਸ ਬਣਾਉਂਦੀ ਕਣਕ ਦੇ ਪਤਲੇ-ਲੰਮੇ ਨਾੜ ਦਾ।

ਪਾਣੀ ਦੀ ਬਾਲਟੀ ਵਿੱਚ ਭਿਉਂਕੇ ਤੀਲੇ ਨਾਲ ਤੀਲਾ ਜੁੜਦਾ ਜਾਂਦਾ, ਬੜਾ ਕਲਾਤਮਿਕਤਾ ਭਰਿਆ, ਜਿਵੇਂ ਪੰਛੀ ਆਲ੍ਹਣਾ ਬਣਾਉਂਦਾ ਹੈ ਨਾੜ ਜੋੜੀ ਤੇ ਮਰੋੜੀ ਜਾਣ ਦਾ ਮਾਂ ਦਾ ਹੁਨਰ ਅਨੋਖਾ ਸੀ। ਮੈਂ ਦੇਖਦਾ, ਤੇ ਦੇਖਦਾ ਹੀ ਰਹਿ ਜਾਂਦਾ। ਉਦੋਂ ਮੈਨੂੰ ਕਲਾਕਾਰਨੀ ਲੱਗਣ ਲੱਗਦੀ। ਸਰਪੋਸ ਤਿਆਰ ਹੋਇਆ ਦੇਖ ਮੈਂ ਫੁੱਲਿਆ ਨਾ ਸਮਾਉਂਦਾ ਤੇ ਮਾਂ ਦੀ ਕਲਾ-ਕਿਰਤ ਹੱਥਾਂ ’ਚ ਲਈ ਵਿਹੜੇ ’ਚ ਤੁਰਿਆ ਫਿਰਦਾ। (ਮਾਂ ਦੇ ਬਣਾਏ ਸਰਪੋਸ ਦੀ ਕੀ ਰੀਸ ਕਰੇਗਾ ਅਜੋਕਾ ਚਪਾਤੀ ਬੌਕਸ? ਮਾਂ ਅੱਜ ਵੀ ਸਰਪੋਸ ਬਣਾਉਂਦੀ ਹੈ ਤੇ ਚੁੱਲ੍ਹੇ ਰੋਟੀ ਲਾਹੁੰਦੀ ਹੈ, ਜਦ ਸਰਪੋਸ ’ਚ ਵਿਛੇ ਪੋਣੇ ’ਤੇ ਰੋਟੀ ਟਿਕਦੀ ਹੈ ਤਾਂ ਸਰਪੋਸ ਵੀ ਖੁਸ਼ ਹੁੰਦਾ ਹੈ)

ਦਾਦੀ ਛਿੱਕੂ ਬਣਾਉਂਦੀ। ਮੈਂ ਕੋਲ ਬੈਠਾ ਨਿਹਾਰੀ ਜਾਂਦਾ। (ਕਾਸ਼! ਉਦੋਂ ਕੋਈ ਕੈਮਰਾ ਹੁੰਦਾ ਕੋਲ!) ਚੌਂਕੇ ਚੁੱਲ੍ਹੇ’ਚ ਵਰਤੋਂ ਲਈ ਛਿੱਕੂ ਤੇ ਛਾਬੇ ਬਣਾਉਣ ਦਾ ਰਿਵਾਜ਼ ਸਾਡੇ ਘਰ ਆਮ ਹੀ ਸੀ। ਤਾਏ ਹੁਰੀਂ ਖੇਤੋਂ ਤੂਤ ਛਾਂਗਦੇ ਤਾਂ ਪਤਲੀਆਂ ਛਮਕਾਂ ਗੱਡੀ ’ਚ ਰੱਖ ਲਿਆਉਂਦੇ, ਜੋ ਅਜਿਹੇ ਕੰਮ ’ਚ ਵਰਤ ਲੈਂਦੇ। ਬੌਰੀਏ ਆਉਂਦੇ ਤੇ ਟੋਕਰੇ ਬਣਾਉਂਦੇ। ਤੂਤ ਦੀਆਂ ਟਾਹਣੀਆਂ ਨਾਲੋਂ ਚਾਕੂ ਨਾਲ ਦਾਦਾ ਪਤਲੀਆਂ ਛਮਕਾਂ ਲਾਹ-ਲਾਹ ਰੱਖੀ ਜਾਂਦਾ। ਅਸੀਂ ਨਿਆਣੇ ਤੂਤੀਆਂ ਤੋੜ-ਤੋੜ ਬਾਟੀਆਂ ਭਰ ਲੈਂਦੇ।

ਤੂਤ ਦੇ ਛਾਬੇ ਦੇ ਗੁਣਾ ਦਾ ਕੋਈ ਅੰਤ ਨਹੀਂ ਸੀ। ਦਾਦੀ ਜਿਵੇਂ ਬਾਤ ਪਾ ਰਹੀ ਹੋਵੇ, ਉਹ ਦੱਸਣ ਲੱਗਦੀ, ‘‘ਨਾ ਰੋਟੀ ਨੂੰ ਉਲੀ ਲੱਗੇ, ਨਾ ਰੋਟੀ ਸੁੱਕੇ, ਨਾ ਰੋਟੀ ਦੀ ਮਹਿਕ ਮਰੇ, ਨਾ ਕੀੜਾ ਮਕੌੜੇ ਚੜ੍ਹੇ, ਤੂਤ ਦੀਆਂ ਟਾਹਣੀਆਂ ਦੀ ਗੱਲ ਈ ਅਜੇਹੀ ਹੁੰਦੀ ਐ ਭਾਈ...।

ਘਰ ’ਚ ਪੋਣੇ ਦੀ ਵਰਤੋਂ ਆਮ ਹੁੰਦੀ। ਦੂਜੇ-ਤੀਜੇ ਦਿਨ ਪਿੱਛੋਂ ਦਾਦੀ ਪੋਣੇ ਧੋਂਦੀ ਰਹਿੰਦੀ। ਸਵੇਰੇ ਰੋਟੀਆਂ ਪਕਾਕੇ ਤੇ ਖੱਦਰ ਦੇ ਪੋਣੇ ’ਚ ਲਪੇਟ ਕੇ ਛਿੱਕੂ ਜਾਂ ਸਰਪੋਸ ’ਚ ਰੱਖ ਲੈਂਦੇ। ਬਹੁਤੀ ਵਾਰੀ ਦੁਪਹਿਰ ਵੇਲੇ ਮੇਰਾ ਪਿਉ ਠੰਢੀ ਰੋਟੀ ਉੱਤੇ ਅੰਬ ਦੇ ਅਚਾਰ ਦੀ ਫਾੜੀ ਤੇ ਗੰਢਾ ਭੰਨ ਕੇ ਤੇ ਨਾਲ ਮੱਖਣ ਰੱਖਕੇ ਰੋਜ਼ ਖਾਂਦਾ, ਤੇ ਮੈਂ ਵੀ ਵੇਖਾ-ਵੇਖੀ ’ਚ ਉਸ ਦੀ ਰੀਸ ਕਰਨ ਲੱਗ ਪਿਆ। ਠੰਢੀ ਰੋਟੀ, ਭੰਨਿਆ ਗੰਢਾ ਤੇ ਅੰਬ ਦੀ ਅਚਾਰ ਦੀ ਮਹਿਕ ਦੁਪੈਹਿਰ ਨੂੰ ਸੁਆਦਲੀ ਕਰ ਦਿੰਦੀ। ਕਈ ਵਾਰ ਦਾਦੀ ਮੱਖਣ ਵੀ ਰੱਖ ਦਿੰਦੀ, ‘‘ਵੇ ਸੁੱਕੀ ਰੋਟੀ ਕਿਵੇਂ ਖਾਵੇਂਗਾ, ਲੈ ਰਲਾ ਕੇ ਖਾਹ ਮੱਖਣ ਮੇਰੇ ਮੱਖਣਾ...।’’

ਮੱਖਣ ਦੀ ਥਾਂ ਕਈ ਵਾਰ ਦੁੱਧ ਤੋਂ ਲਾਹੀ ਮਲਾਈ ਰੋਟੀ ਨਾਲ ਖਾ ਲੈਂਦੇ, ਵੱਖਰਾ ਹੀ ਸੁਆਦ ਹੁੰਦਾ। ਰਾਤ ਨੂੰ ਰੋਟੀ ਵਧ ਗਈ, ਤਾਂ ਸਵੇਰੇ ਦੁੱਧ 'ਚ ਭਿਉਂਕੇ, ਦਹੀਂ ਜਾਂ ਚਟਨੀ ਜਾਂ ਅਚਾਰ ਦੀ ਫਾੜੀ ਨਾਲ ਖਾਂਦੇ ਤਾਏ ਹੁਰਾਂ ਨੂੰ ਮੈਂ ਅਕਸਰ ਦੇਖਦਾ ਸਾਂ।

ਸਿਆਲੂ ਦਿਨਾਂ 'ਚ ਬਾਜਰੇ ਤੇ ਮੱਕੀ ਦੇ ਆਟੇ ਦੀ ਵਰਤੋਂ ਆਮ ਹੁੰਦੀ। ਸਾਗ ਕਈ-ਕਈ ਦਿਨ ਖਾਧਾ ਜਾਂਦਾ। ਜਿੱਦਣ ਮੀਂਹ ਪੈਂਦਾ, ਓਦਣ ਸਵੇਰੇ ਪਿਓ ਨੇ ਦਾਦੀ ਨੂੰ ਕਹਿਣਾ, ''ਮਾਂ, ਅੱਜ ਮਿੱਸੀ ਰੋਟੀ ਪਕਾ, ਵੇਸਣ ਆਲ਼ੀ।'' (ਅੱਜ ਵੀ, ਮੀਂਹ ਕਣੀਂ ਦੇ ਦਿਨੀਂ, ਪਤਾ ਨਹੀਂ ਕਿਉਂ ਵੇਸਣੀ ਰੋਟੀ ਖਾਣ ਲਈ ਆਪ-ਮੁਹਾਰੇ ਹੀ ਦਿਲ ਕਰ ਆਉਂਦਾ ਹੈ, ਤੇ ਮਾਂ ਨੂੰ ਕਹੀਦਾ ਹੈ, ''ਮਾਂ ਵੇਸਣੀ ਰੋਟੀ ਪਕਾ ਦੇ ਅੱਜ...ਵਿੱਚ ਹਰੀ ਮਿਰਚ ਤੇ ਗੰਢਾ ਪਾ ਲਵੀਂ...।'')

ਵਿਹੜੇ 'ਚ ਲੋਹੇ ਦੀ ਮੋਟੀ ਤਾਰ ਬੱਧੀ ਹੋਈ ਸੀ। ਗਰਮੀਆਂ ਦੇ ਦਿਨਾਂ 'ਚ ਰਾਤ ਨੂੰ ਦੁੱਧ ਸਾਂਭਣ ਦਾ ਢੰਗ ਇਹੋ ਸੀ ਕਿ ਬਾਲਟੀ 'ਚ ਪਾਣੀ ਪਾਕੇ, ਡੋਲਣਾ ਦੁੱਧ ਦਾ ਵਿੱਚ ਰੱਖ ਦਿੱਤਾ ਜਾਂ ਤੇ ਬਾਲਟੀ ਤਾਰ ਨਾਲ ਬੰਨ· ਕੇ ਟੰਗ ਦਿੱਤੀ, ਇਉਂ ਦੁੱਧ ਬਿੱਲੀ ਦੀ ਮਾਰ ਤੋਂ ਵੀ ਬਚਿਆ ਰਹਿੰਦਾ ਤੇ ਅਸਮਾਨ ਹੇਠਾਂ ਹੋਣ ਕਰਕੇ ਖਰਾਬ ਨਾ ਵੀ ਹੁੰਦਾ।

*****

ਸਾਡੇ ਘਰ ਦਾ ਲਗਪਗ ਸਾਰਾ ਵਿਹੜਾ ਕੱਚਮ-ਕੱਚਾ ਸੀ। ਘਰ ਦੇ ਮੂਹਰਲੇ ਵੱਡੇ ਬੂਹੇ ਤੋਂ ਲੈਕੇ ਅਖੀਰ ਹਵੇਲੀ, ਤੱਕ ਸਾਰਾ ਕੱਚਾ ਹੀ ਕੱਚਾ। ਇੱਕ-ਅੱਧ ਕੋਠਾ ਹੀ ਅੱਧ-ਪੱਕਾ ਸੀ। ਪਿਤਾ ਤੇ ਤਾਇਆ ਖੇਤੋਂ ਆਉਣ ਲੱਗੇ ਗੱਡੀ ਵਿੱਚ ਹੀ ਰੇਤਾ ਤੇ ਮਿੱਟੀ ਭਰ ਲਿਆਉਂਦੇ ਸਨ, ਜੋ ਪਸ਼ੂਆਂ ਹੇਠ ਖਿਲਾਰੀ ਜਾਂਦੀ ਤਾਂ ਕਿ ਪਸ਼ੂ ਸੌਖ ਨਾਲ ਬਹਿ-ਉੱਠ ਸਕਣ। ਪਸ਼ੂਆਂ ਹੇਠਾਂ ਗਿੱਲ-ਸੁੱਕ ਜਾਂ ਪਸ਼ੂਆਂ ਦੀ ਧੁੱਪ-ਛਾਂ ਦਾ ਧਿਆਨ ਪੂਰਾ-ਪੂਰਾ ਰੱਖਿਆ ਜਾਂਦਾ ਸੀ। ਆਥਣੇ ਮੱਛਰ ਤੋਂ ਬਚਾਓ ਲਈ ਪਸ਼ੂਆਂ ਕੋਲ ਨਕਾਰਾ ਤੂੜੀ ਦਾ ਧੂੰਆ ਪਾ ਦਿੱਤਾ ਜਾਂਦਾ।

ਭਾਰੀ ਮੀਂਹ ਪੈਂਦੇ। ਧੁੱਪਾਂ ਚੜ·ਦੀਆਂ। ਮਿੱਟੀ ਤੇ ਪਾਣੀ ਰੰਗ ਬਦਲਦੇ। ਲੰਮੇ ਵਿਹੜੇ ਵਿੱਚ ਰੇਤ ਵਿਛੀ ਹੁੰਦੀ। ਕਿਤੇ ਅੱਧ-ਸੁੱਕੇ ਚਿੱਕੜ ਉੱਤੇ ਪੇਪੜੀ ਆਈ ਹੁੰਦੀ, ਜਿਵੇਂ ਜ਼ਖਮੀ ਮਰੀਜ਼ ਦਾ ਮਾਸ ਸੁੱਕ ਕੇ ਉਤਾਂਹ ਨੂੰ ਉਠ ਜਾਂਦਾ ਹੈ ਵਿਹੜੇ 'ਚ ਕਿਤੇ-ਕਿਤੇ ਲੱਪਾਂ-ਲੱਪ ਪਾਣੀ ਖੜ੍ਹਾ ਹੁੰਦਾ। ਘਰ ਦੇ ਕਿਸੇ ਜੀਅ ਦੀ ਉਸਦੇ ਉੱਤੋਂ ਲੰਘ ਗਏ ਦੀ ਡੂੰਘੀ ਪੈੜ ਤੇ ਕਿਤੇ ਨਿਆਣੇ-ਸਿਆਣੇ ਦੇ ਲੰਘਦਿਆਂ ਤਿਲਕ ਜਾਣ ਦੇ ਨਿਸ਼ਾਨ ਚਿਤਰਕਾਰੀ ਦੇ ਨਮੂਨੇ ਵਾਂਗ ਜਾਪਦੇ। ਇਹ ਸੱਭੋਂ-ਕੁਛ ਏਨਾ ਗੂੜਾ ਹੁੰਦਾ ਕਿ ਪੰਦਰਾਂ-ਪੰਦਰਾਂ ਦਿਨ ਜਿਉਂ ਦਾ ਤਿਉਂ ਹੀ ਬਣਿਆ ਰਹਿੰਦਾ, ਜਿੰਨਾਂ ਚਿਰ ਕਰੜੀ ਤਿੱਖੀ ਧੁੱਪ ਉਹਨੂੰ ਸੁਕਾ ਨਾ ਦੇਂਦੀ।

ਮੈਂ ਅਜਿਹੇ ਨਿਸ਼ਾਨ ਤੇ ਪੈੜਾਂ ਬੜੀ ਗਹੁ ਨਾਲ ਵੇਖਦਾ ਸਾਂ। ਗਿੱਲੇ ਵਿਹੜੇ ਵਿੱਚ ਅੱਧੀ ਰਾਤੀਂ, ਬਿੱਲੀਆਂ, ਚੂਹੇ ਤੇ ਕਈ ਹੋਰ ਜਨੌਰ ਆਣ ਉਤਰ·ਦੇ, ਉਹਨਾਂ ਦੀਆਂ ਆਵਾਜ਼ਾਂ ਘੂਕ ਸੁੱਤੇ ਟੱਬਰ ਨੂੰ ਸੁਣਦੀਆਂ ਜਾਂ ਨਾ ਸੁਣਦੀਆਂ ਪਰ ਸਵੇਰੇ ਉੱਠਣ ’ਤੇ ਉਨ੍ਹਾਂਦੀਆਂ ਪੈੜਾਂ ਸਾਵੀਆਂ ਦੀਆਂ ਸਾਵੀਆਂ ਪਈਆਂ ਹੁੰਦੀਆਂ। ਪਤਾ ਨਹੀਂ ਕਿਉਂ; ਮੈਂ ਉਨ੍ਹਾਂਦੀਆਂ ਪੈੜਾਂ ਉਚੇਚ ਨਾਲ ਵੇਖਦਾ ਸਾਂ। ਮੈਂ ਕੀ ਲੱਭਦਾ ਸਾਂ...? ਮੈਨੂੰ ਨਹੀਂ ਪਤਾ!

ਇੱਕ ਦਿਨ, ਸਵੇਰੇ ਮੇਰੀ ਦਾਦੀ ਦੱਸਣ ਲੱਗੀ, ‘‘ਰਾਤ ਮੈਂ ਪਿਸ਼ਾਬ ਕਰਨ ਉੱਠੀ, ਚੰਨ ਦੇ ਚਮਕਦੇ ਚਾਨਣੇ ’ਚ ਕਾਲਾ ਸੱਪ ਅਹੁ ਸਾਹਮਣੀ ਕੱਚੀ ਕੰਧ ਤੋਂ ਹੇਠਾਂ ਨੂੰ ਰੱਸੇ ਵਾਂਗੂੰ ਲਹਿੰਦਾ ਆਵੇ...ਵੇ ਰਾਮੇ, ਮੈਂ ਬਿਨਾਂ ਪਿਸ਼ਾਬ ਕੀਤਿਆਂ ਆਕੇ ਚੱਪ ਚਾਪ ਮੰਜੇ ’ਤੇ ਪੈਗੀ, ਸੱਪ ਸਿਆਣਾ ਬਣਕੇ, ਆਪਣਾ ਰਾਹ ਲੱਭਦਾ ਪਤਾ ਨਹੀਂ ਕਿੱਧਰ ਨੂੰ ਚਲਾ ਗਿਆ।’’

ਦਾਦੀ ਦੀ ਗੱਲ ਸੁਣਦਾ ਤਾਇਆ ਰਾਮ ਲਾਲ ਚਾਹ ਦੀਆਂ ਘੁੱਟਾਂ ਭਰਦਾ ਲੰਮੀ ਕੱਚੀ ਕੰਧ ਵੱਲ ਸਿਸ਼ਤ ਬੰਨ·ਣ ਵਾਂਗ ਵੇਖਦਾ ਰਿਹਾ, ਇਹ ਕੰਧ ਸਾਡੇ ਸ਼ਰੀਕੇ ’ਚੋਂ ਬਾਬੇ ਦੀਵਾਨ ਮੱਲ (ਮੇਰੇ ਦਾਦੇ ਦੇ ਵੱਡੇ ਭਰਾ) ਹੁਰਾਂ ਨਾਲ ਸਾਂਝੀ ਸੀ। ਕੱਚੀਆਂ ਕੰਧਾਂ ਦੇ ਲਿਉੜਾਂ ’ਚ ਮਿੱਟੀ ਖਾਣੇਂ ਰਤੜੇ ਸੱਪਾਂ ਦਾ ਵਾਸਾ ਸੀ। ਹਵੇਲੀ ਤੀਕ ਕੰਧਾਂ ਦੇ ਸਿਰੇ ਉੱਤੇ ਖਾਲੀ ਖੁੱਡਾਂ ਤੋਤਿਆਂ, ਲਾਲੀਆਂ ਤੇ ਸੱਪਾਂ ਨੇ ਮੱਲ ਰੱਖੀਆਂ ਸਨ। ਤੋਤੇ ਉਨ੍ਹਾਂ ਖੁੱਡਾਂ ’ਚ ਬੱਚੇ ਦਿੰਦੇ। ਲਾਲੀਆਂ, ਕਾਟੋਆਂ, ਕਾਵਾਂ, ਚਿੜੀਆਂ, ਗੁਟਾਰਾਂ ਦਾ ਸਾਡੀ ਹਵੇਲੀ ਵਿੱਚ ਆਪਣਾ ਹੀ ਅਨੋਖਾ ਸੰਸਾਰ ਸੀ। (ਇਉਂ ਮੈਨੂੰ ਬਚਪਨ ਤੋਂ ਹੀ ਵੰਨ-ਸੁਵੰਨੇ ਪੰਛੀਆਂ ਦੇ ਗੀਤ ਸੁਣਦਿਆਂ ਇੰਨ੍ਹਾਂਨਾਲ ਅਟੁੱਟ ਪਿਆਰ ਤੇ ਲਗਾਵ ਹੋ ਗਿਆ।)

ਹਵੇਲੀ ’ਚ ਇੱਕ ਜੰਡ ਖੜ੍ਹਾ ਸੀ। ਇਹ ਜੰਡ ਬੇਮੁਹਾਰਾ ਜਿਹਾ ਸੀ, ਕਿਸੇ ਬੇਢਬੇ ਬੰਦੇ ਵਰਗਾ ਮੈਨੂੰ ਇਹ ਬੜਾ ਭੈੜਾ ਲੱਗਦਾ। ਇਹਦੀ ਪਾਟੀ-ਪਾਟੀ ਛਾਂ ਹੇਠ ਮੈਂ ਕਦੇ ਨਾ ਖੜ·ਦਾ, ਇਸਦੇ ਮੁਕਾਬਲੇ ਪਰੇ ਨੂੰ ਭਰੀ ਖਲੋਤੀ ਬੌਣੀ ਡੇਕ ਮੈਨੂੰ ਪਿਆਰੀ-ਪਿਆਰੀ ਲੱਗਦੀ। ਕਈ ਵਾਰ ਮੈਂ ਜੰਡ ਦੀਆਂ ਸੁੱਕੀਆਂ ਫਲੀਆਂ ਮੂੰਹ ’ਚ ਪਾਉਂਦਾ, ਜੋ ਮੂੰਹ ਦਾ ਸੁਆਦ ਵਿਗਾੜ ਦੇਂਦੀਆਂ, ਬਕਬਕਾ ਜਿਹਾ ਹੋ ਜਾਂਦਾ ਮੂੰਹ ਦਾ ਸੁਆਦ। ਪਲ ’ਚ ਹੀ ਨੇੜੇ ਲੱਗੇ ਖਾਰੇ ਨਲਕੇ ਤੋਂ ਦੋ ਘੁੱਟਾਂ ਪਾਣੀ ਭਰਕੇ ਕੁਰਲੀ ਕਰ ਲੈਂਦਾ। ਅਸੀਂ ਜੰਡ ਦੀ ਪਾਟੀ ਛਾਂ ਥੱਲੇ ਪਸ਼ੂ ਬੰਨ·ਦੇ। ਸਵੇਰੇ ਰੋਟੀ ਵੇਲੇ ਪਸ਼ੂ ਬੰਨੇ ਜਾਂਦੇ ਤੇ ਦੁਪੈਹਿਰਾ ਢਲੀਆਂ ਤੋਂ ਖੋਲ· ਕੇ ਘਰ ਅੰਦਰਲੀਆਂ ਖੁਰਲੀਆਂ ’ਤੇ ਖਿੱਚ· ਲਿਆਉਂਦੇ।

ਜੰਡ ਹੇਠਾਂ ਇੱਕ ਪਾਸੇ ਕੁਢੱਬਾ ਜਿਹਾ ਖੁੰਢ· ਪਿਆ ਸੀ। ਕਾਫੀ ਭਾਰਾ। ਮੈਨੂੰ ਚੇਤਾ ਹੈ, ਮੇਰਾ ਪਿਉ ਵਲੈਤਣ ਗਾਂ ਖਰੀਦ ਲਿਆਇਆ। ਢਾਂਡੀ ਸੂਣ ਵਾਲੀ ਸੀ, ਬੜੀ ਭੈੜੀ ਤੇ ਅੱਥਰੀ ਢਾਂਡੀ, ਹਰ ਵੇਲੇ ਭੱਜੂੰ-ਭੱਜੂੰ ਕਰਦੀ ਤੇ ਰੰਭ·ਦੀ ਰਹਿੰਦੀ, ''ਬਾਂ ਬਾਂਅ...ਬਾਂ...।'' ਉਹਦੇ ਬੇਸੁਰਾ ਰੰਭਣ 'ਤੇ ਦਾਦੀ ਬੜਾ ਚਿੜ·ਦੀ ਤੇ ਮੂੰਹ 'ਚ ਹੀ ਬੁੜ-ਬੁੜ ਕਰਨ ਲਗਦੀ, ''ਕਿੱਥੋਂ ਲਿਆਂਦੀ ਐ ਪੁੱਤਾ ਪਿੱਟੀ...ਨਾ ਟਿਕੇ...ਨਾ ਟਿਕਣ ਦੇਵੇ...।''

ਇੱਕ ਦੁਪਹਿਰ। ਪਿਤਾ ਨੇ ਗਾਂ ਦਾ ਰੱਸਾ ਕਿੱਲੇ ਨਾਲੋਂ ਹਾਲੇ ਢਿੱਲਾ ਹੀ ਕੀਤਾ ਸੀ ਕਿ ਉਹ ਚਾਰੇ ਵਾਲੀ ਖੁਰਲੀ ਵੱਲ ਗੋਲ਼ੀ ਵਾਂਗ ਗਈ ਤੇ ਜਾਂਦੀ ਹੋਈ ਖੁੰਢ ਨਾਲ ਬੁਰੀ ਤਰ੍ਹਾਂਖਹਿ ਗਈ। ਖੁੰਢ ਦਾ ਵਧਿਆ ਹੋਇਆ ਇੱਕ ਤਿੱਖਾ ਤਣਾ ਉਹਦੇ ਢਿੱਡ 'ਚ ਅਜਿਹਾ ਖੁੱਭਿਆ ਕਿ ਗਾਂ ਦੀਆਂ ਆਂਦਰਾਂ ਬਾਹਰ ਆਉਣ ਵਾਲੀਆਂ ਹੋ ਗਈਆਂ। ਢਾਂਡੀ ਦੇ ਢਿੱਡ 'ਚੋਂ ਬਾਹਰ ਆਈਆਂ ਨਾੜਾਂ ਤੇ ਪਾਟ ਗਿਆ ਮਾਸ ਵੇਖਕੇ ਮੈਂ ਕਈ ਦਿਨ ਰੋਟੀ ਖਾਣ ਵੇਲੇ ਰੁਕ ਜਾਂਦਾ, ਚਿੱਤ ਨੂੰ ਟਿਕਾਣੇ ਸਿਰ ਕਰਕੇ ਫਿਰ ਰੋਟੀ ਦੀ ਬੁਰਕੀ ਤੋੜਦਾ ਤੇ ਜਖ਼ਮੀ ਹੋਈ ਗਾਂ ਵਾਲਾ ਦ੍ਰਿਸ਼ ਅੱਖਾਂ ਅੱਗੋਂ ਹਟਾਉਣ ਲਈ ਯਤਨ ਕਰਨ ਲਗਦਾ।

ਇਉਂ ਜੰਡ, ਖੁੰਢ ਤੇ ਜੰਡ ਦੀ ਪਾਟੀ ਛਾਂ ਮੈਨੂੰ ਭੈੜੇ-ਭੈੜੇ ਲੱਗਦੇ। ਜਿੰਨਾਂ ਚਿਰ ਗਾਂ ਦੇ ਢਿੱਡ ਦਾ ਜ਼ਖਮ ਸੁੱਕ ਨਹੀਂ ਗਿਆ, ਮੈਨੂੰ ਗਾਂ 'ਤੇ ਤਰਸ ਆਉਂਦਾ ਰਿਹਾ। ਸਲੋਤਰੀ ਦੂਏ-ਤੀਏ ਦਿਨ ਉਹਦੇ ਢਿੱਡ 'ਤੇ ਦਵਾਈ ਲਾਉਣ ਆਉਂਦਾ, ਤਾਂ ਮੈਂ ਕੋਲ ਜਾਕੇ ਖਲੋ ਜਾਂਦਾ। ਆਥਣ ਵੇਲੇ ਮਾਂ ਉਹਦੇ ਜ਼ਖ਼ਮ 'ਤੇ ਕੀੜੇਮਾਰ ਤੇਲ ਲਾਉਂਦੀ ਲੀਰ 'ਚ ਲਬੇੜ ਕੇ।

*****

ਸੂਰਜ ਹੇਠਾਂ ਲਹਿਣ ਮਗਰੋਂ ਜਿਉਂ ਹੀ ਘੁਸ-ਮੁਸਾ ਜਿਹਾ ਹੋ ਜਾਂਦਾ, ਤਾਂ ਸਾਰਾ ਟੱਬਰ ਰੋਟੀ ਖਾ ਲੈਂਦਾ। ਤਾਇਆ ਖੂਹੀਂ 'ਚੋਂ ਪਾਣੀ ਦੀਆਂ ਬਾਲਟੀਆਂ ਖਿੱਚ·-ਖਿੱਚ· ਵਿਹੜੇ ਵਿੱਚ ਛਿੜਕਓ ਕਰਦਾ। ਠੰਢੀ ਵਾਅ ਦਾ ਬੁੱਲਾ ਆਉਂਦਾ ਤਾਂ ਦਾਦੀ ਤਾਏ ਨੂੰ ਅਸੀਸਾਂ ਦੇਂਦੀ, ''ਜਿਉਂਦਾ ਰਹਿ ਵੇ ਰਾਮ, ਵੇ ਜਾਨ ਪਾਤੀ ਉ... ਗਰਮੀ ਜਾਨ ਕੱਢੀ ਖੜੀ ਸੀ ਪੁੱਤ...।''

ਕੱਚੇ ਵਿਹੜੇ 'ਚ ਇਕਸਾਰ ਮੰਜੇ-ਮੰਜੀਆਂ ਡਾਹੇ ਜਾਂਦੇ। ਘਰ ਦੀਆਂ ਕੱਢੀਆਂ ਦਰੀਆਂ ਤੇ ਚਾਦਰਾਂ-ਸਿਰਹਾਣੇ ਅਸੀਂ ਨਿਆਣੇ ਚਾਈਂ-ਚਾਈਂ ਵਿਛਾਉਂਦੇ। ਉੱਲੂ ਵੀ ਵੇਲੇ ਨਾਲ ਹੀ ਜੰਡ 'ਤੇ ਆਣ ਬਹਿੰਦਾ। ਜਦ ਉਹ ਬੋਲਣਾ ਸ਼ੁਰੂ ਕਰਦਾ ਤਾਂ ਦਾਦੀ ਨੂੰ ਉਸ 'ਤੇ ਖਿਝ ਚੜ·ਦੀ। ''ਤੇਰਾ ਬਹਿਜੇ ਬੇੜਾ ਟੁੱਟੜਿਆ... ਹੈਅ... ਹੈਅ....ਵੇ ਹੈਅ...ਉਡਾਓ ਵੇ ਢਹਿ ਪੈਣੇ

ਨੂੰ...ਨਿੱਜੜਾ ਕਿਤੋਂ ਦਾ, ਵੇਲੇ ਨਾਲ ਈ ਆ ਬਹਿੰਦਾ ਐ ਰੋਜ਼...ਕੜਮਾ...ਬਿਮਾਰੀ ਪੈਣਾ...।''

ਮੈਂ ਸੋਟੀ ਲੈ ਕੇ ਜੰਡ ਦੇ ਟਾਂਹਣ 'ਚ ਜਾ ਮਾਰਦਾ। ਉੱਲੂ ਉਡਦਾ ਨਾ ਪਰ ਚੱਪ ਕਰ ਜਾਂਦਾ ਕੁਝ ਪਲਾਂ ਲਈ। ਪੂਰਾ ਢੀਠ ਸੀ ਉੱਲੂ। ਉੱਲੂ ਦਾ ਬੋਲਣਾ ਤੇ ਦਾਦੀ ਦਾ ਖਿਝਣਾ ਤੇ ਮੇਰਾ ਸੋਟੀ ਲੈਕੇ ਜਾਣਾ, ਨਿੱਤ ਦਾ ਕਰਮ ਹੀ ਬਣ ਚੱਕਿਆ ਸੀ। ਘਰ ਦੇ ਬਾਕੀ ਸਾਰੇ ਜੀ ਉੱਲੂ ਨੂੰ 'ਉੱਲੂ' ਹੀ ਸਮਝਦੇ ਤੇ ਉਹਦੀ ਕੁਰੱਖਤ ਬੋਲੀ, ''ਕਰਚ-ਕਰਚ-ਕਰਰ-ਕਰਰ-ਕਰੂ-ਕਰੂ'' ਦੀ ਰਤਾ ਪ੍ਰਵਾਹ ਨਾ ਕਰਦੇ।

ਮੇਰੀ ਭੂਆ ਮੈਨੂੰ ਅਕਸਰ ਟੋਕਦੀ, ''ਵੇ ਤੂੰ ਵੀ ਉੱਲੂ ਹੀ ਏਂ, ਤੂੰ ਹਰ ਰੋਜ਼ ਸੋਟੀ ਲੈਕੇ ਉੱਲੂ ਨੂੰ ਉਡਾਉਣ ਕਿਉਂ ਜਾਨੈ?'' ਭੂਆ ਮੇਰਾ ਡਾਹਢਾ ਫ਼ਿਕਰ ਕਰਦੀ ਆਖਦੀ, ''ਜੇ ਤੇਰੇ ਪੈਰਾਂ 'ਤੇ ਕੋਈ ਕੀੜਾ-ਮਕੌੜਾ ਲੜ ਗਿਆ ਨੇਰੇ 'ਚ ਫੇਰ...?'' ਉਹ ਘੂਰਨ ਲੱਗਦੀ।

*****

ਦੋ-ਢਾਈ ਮਹੀਨੀਂ, ਮਾਂ ਤੇ ਭੂਆ ਕੱਚੇ ਵਿਹੜੇ 'ਚ ਗੋਹੇ ਤੇ ਲਾਲ ਮਿੱਟੀ ਦਾ ਲੇਪਣ ਕਰਦੀਆਂ। ਅਜੀਬ ਤਰ੍ਹਾਂਦੀ ਗੰਧ ਆਉਂਦੀ ਮਿੱਟੀ ਤੇ ਗੋਹੇ ਦੇ ਲੇਪਣ 'ਚੋਂ। ਉਸ ਗੰਧ ਦੇ ਖਿੱਚੇ ਹੋਏ ਅਸੀਂ ਨਿਆਣੇ ਲਾਗੇ-ਚਾਗੇ ਫਿਰਦੇ ਤੇ ਮਾਂ ਤੇ ਭੂਆ ਵਲੋਂ ਹੱਥੀਂ ਫੇਰੇ ਜਾ ਰਹੇ ਗੋਹੇ-ਮਿੱਟੀ ਦੇ ਲੇਪਣ ਉੱਤੇ ਪੈੜਾਂ ਵੀ ਕਰ ਦਿੰਦੇ। ਗੁੱਸੇ 'ਚ ਆਈ ਮਾਂ ਮੇਰੀ ਢੂਈ 'ਤੇ ਧੱਫਾ ਵੀ ਜੜ ਦੇਂਦੀ। ਭੂਆ ਮਾਂ ਨੂੰ ਟੁੱਟ ਕੇ ਪੈਂਦੀ, ''ਕਿਉਂ ਮਾਰਿਆ ਮੇਰੇ ਭਤੀਜੇ ਨੂੰ?''

ਮਾਂ ਅੱਗੋਂ ਤਲਖ ਹੁੰਦੀ, ''ਕੁੜੇ ਊਸ਼ਾ, ਤੂੰ ਈ ਸਿਰੇ ਚੜਾਇਐ ਏਹਨੂੰ, ਕਿਵੇਂ ਲਾਚੜਦੈ ਕੁੱਤਾ ਨਾ ਹੋਵੇ ਤਾਂ...।''

ਉੱਠਕੇ ਭੂਆ ਬਾਲਟੀ 'ਚੋਂ ਹੱਥ ਧੋਂਦੀ, ''ਮੈ ਨੀਫੇਰਦੀ, ਤੂੰ ਆਪੇ ਫੇਰ ਲੈ...।''

ਮੇਰੇ ਕਾਰਨ ਭੂਆ ਤੇ ਮਾਂ ਵਿਚਾਲੇ ਰੋਸਾ ਪੈਦਾ ਹੋ ਜਾਂਦਾ।

ਜਦ ਉਹ ਕੰਧੋਲੀ ਲਿੱਪਦੀਆਂ, ਤਾਂ ਮੈਂ ਰਤਾ ਵੀ ਪਾਸੇ ਨਾ ਹਿੱਲਦਾ ਉਨ੍ਹਾਂਕੋਲੋਂ। ਕੰਧੋਲੀ 'ਤੇ ਵੰਨ-ਸੁਵੰਨੇ ਮਿੱਟੀ ਦੇ ਮੋਰ, ਤੋਤੇ ਤੇ ਹੋਰ ਨਮੂਨਿਆਂ ਦਾ ਨਿੱਕ-ਸੁੱਕ ਬਣਾਉਂਦੀਆਂ ਤੇ ਬਾਅਦ 'ਚ ਉਨ੍ਹਾਂਨੂੰ ਕੱਚੀ ਮਿੱਟੀ ਦੇ ਰੰਗਾਂ ਨਾਲ ਸ਼ਿੰਗਾਰਦੀਆਂ। ਮੈਨੂੰ ਘਰ ਦਾ ਛੋਟਾ ਜਿਹਾ ਚੌਂਕਾ, ਚੁੱਲ੍ਹਾ, ਕੰਧੋਲੀ, ਤੰਦੂਰ, ਹਾਰਾ, ਕਾਲ੍ਹਾ ਕੁੱਜਾ, ਕੂੰਡਾ, ਘੋਟਣਾ ਤੇ ਦਾਦੀ ਦੀ ਪੀਹੜੀ, ਇਹ ਸਾਰਾ ਕੁਛ ਬੜਾ ਪਿਆਰਾ-ਪਿਆਰਾ ਲੱਗਣ ਲੱਗਦਾ।